# State Visit of Chancellor of the Federal Republic of Germany to India (February 25-26, 2023)

February 20, 2023

..............

## ਜਰਮਨੀ ਫੈਡਰਲ ਰੀਪਬਲਿਕ ਦੇ ਚਾਂਸਲਰ ਦੀ ਭਾਰਤ ਦੀ ਰਾਜ ਫੇਰੀ (25-26 ਫਰਵਰੀ, 2023)

## 20 ਫਰਵਰੀ 2023

1. ਜਰਮਨੀ ਫੈਡਰਲ ਰੀਪਬਲਿਕ ਦੇ ਚਾਂਸਲਰ ਮਹਾਮਾਹਿਮ ਸ਼੍ਰੀ ਓਲਾਫ ਸਕੋਲਜ਼ 25-26 ਫਰਵਰੀ, 2023 ਨੂੰ ਭਾਰਤ ਦੀ ਰਾਜਕੀ ਯਾਤਰਾ ਕਰਨਗੇ। ਚਾਂਸਲਰ ਸ਼ੋਲਜ਼ ਦੇ ਨਾਲ ਸੀਨੀਅਰ ਅਧਿਕਾਰੀ ਅਤੇ ਉੱਚ ਅਧਿਕਾਰ ਪ੍ਰਾਪਤ ਵਪਾਰਕ ਵਫ਼ਦ ਵੀ ਹੋਵੇਗਾ। ਉਹ 25 ਫਰਵਰੀ 2023 ਨੂੰ ਨਵੀਂ ਦਿੱਲੀ ਪਹੁੰਚਣਗੇ ਅਤੇ 26 ਫਰਵਰੀ, 2023 ਨੂੰ ਬੈਂਗਲੁਰੂ ਲਈ ਰਵਾਨਾ ਹੋਣਗੇ।

2. ਮੌਜੂਦਾ ਭੂਮਿਕਾ ਵਿੱਚ ਚਾਂਸਲਰ ਸ਼ੋਲਜ਼ ਦੀ ਇਹ ਪਹਿਲੀ ਭਾਰਤ ਯਾਤਰਾ ਹੋਵੇਗੀ। 2011 ਵਿੱਚ ਸ਼ੁਰੂ ਹੋਏ ਸਰਕਾਰੀ ਢਾਂਚੇ ਦੋ-ਸਾਲਾ ਅੰਤਰ-ਸਰਕਾਰੀ ਸਲਾਹ-ਮਸ਼ਵਰਾ (IGC) ਤੰਤਰ, ਜਿਸ ਦੇ ਤਹਿਤ ਦੋਵਾਂ ਦੇਸ਼ਾਂ ਦੇ ਮੰਤਰੀ ਆਪੋ-ਆਪਣੇ ਜ਼ੁੰਮੇਵਾਰੀ ਦੇ ਖੇਤਰਾਂ ਵਿੱਚ ਚਰਚਾ ਕਰਦੇ ਹਨ ਅਤੇ ਪ੍ਰਧਾਨ ਮੰਤਰੀ ਅਤੇ ਚਾਂਸਲਰ ਨੂੰ ਵਿਚਾਰ-ਵਟਾਂਦਰੇ ਦੇ ਨਤੀਜਿਆਂ ਬਾਰੇ ਰਿਪੋਰਟਾਂ, ਤੋਂ ਬਾਅਦ ਇਹ ਜਰਮਨ ਚਾਂਸਲਰ ਦੀ ਭਾਰਤ ਦੀ ਪਹਿਲੀ ਫੇਰੀ ਹੈ.

3. ਚਾਂਸਲਰ ਸ਼ੋਲਜ਼ ਦਾ ਰਾਸ਼ਟਰਪਤੀ ਭਵਨ ਵਿਖੇ ਰਸਮੀ ਸਵਾਗਤ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਅਤੇ ਚਾਂਸਲਰ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਚਰਚਾ ਕਰਨਗੇ। ਦੋਵੇਂ ਨੇਤਾ ਦੋਵਾਂ ਪਾਸਿਆਂ ਦੇ CEOs ਅਤੇ ਵਪਾਰਕ ਆਗੂਆਂ ਨਾਲ ਵੀ ਗੱਲਬਾਤ ਕਰਨਗੇ।

4. ਚਾਂਸਲਰ ਸ਼ੋਲਜ਼ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨਾਲ ਵੀ ਮੁਲਾਕਾਤ ਕਰਨਗੇ।

5. ਭਾਰਤ-ਜਰਮਨੀ ਰਣਨੀਤਕ ਭਾਈਵਾਲੀ ਸਾਂਝੇ ਮੁੱਲਾਂ, ਵਿਸ਼ਵਾਸ ਅਤੇ ਆਪਸੀ ਸਮਝ 'ਤੇ ਅਧਾਰਤ ਹੈ। ਮਜ਼ਬੂਤ ਨਿਵੇਸ਼ ਅਤੇ ਵਪਾਰਕ ਸਬੰਧ, ਹਰੇ ਅਤੇ ਟਿਕਾਊ ਵਿਕਾਸ ਦੇ ਖੇਤਰਾਂ ਵਿੱਚ ਸਹਿਯੋਗ ਅਤੇ ਵਧ ਰਹੇ ਲੋਕ ਪੱਧਰੀ ਸਬੰਧਾਂ ਸਦਕਾ ਸਾਡੇ ਦੁਵੱਲੇ ਸਬੰਧ ਮਜ਼ਬੂਤ ਹੋਏ ਹਨ। ਭਾਰਤ ਅਤੇ ਜਰਮਨੀ ਵੀ ਬਹੁਪੱਖੀ ਅਤੇ ਅੰਤਰਰਾਸ਼ਟਰੀ ਪਲੇਟਫਾਰਮਾਂ, ਖਾਸ ਤੌਰ 'ਤੇ UNSC ਸੁਧਾਰਾਂ ਲਈ G4 ਦੇ ਹਿੱਸੇ ਵਜੋਂ, 'ਤੇ ਮਿਲ ਕੇ ਕੰਮ ਕਰਦੇ ਹਨ.

6. ਚਾਂਸਲਰ ਸ਼ੋਲਜ਼ ਦੀ ਫੇਰੀ ਸਦਕਾ ਦੋਵਾਂ ਧਿਰਾਂ ਨੂੰ 6ਵੇਂ IGC ਦੇ ਮੁੱਖ ਨਤੀਜਿਆਂ 'ਤੇ ਜਾਇਜ਼ਾ ਲੈਣ ਅਤੇ ਤਰੱਕੀ ਕਰਨ, ਸੁਰੱਖਿਆ ਅਤੇ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ, ਨੇੜਲੇ ਆਰਥਿਕ ਸਬੰਧਾਂ ਲਈ ਕੰਮ ਕਰਨ, ਪ੍ਰਤਿਭਾ ਦੀ ਗਤੀਸ਼ੀਲਤਾ ਲਈ ਮੌਕੇ ਵਧਾਉਣ ਅਤੇ ਵਿਗਿਆਨਅਤੇ ਤਕਨਾਲੋਜੀ ਵਿੱਚ ਚੱਲ ਰਹੇ ਸਹਿਯੋਗ ਨੂੰ ਰਣਨੀਤਕ ਮਾਰਗਦਰਸ਼ਨ ਦੇਣ ਦਾ ਮੁੱਕ ਮਿਲੇਗਾ ।

ਨਵੀਂ ਦਿੱਲੀ

20 ਫਰਵਰੀ, 2023

DISCLAIMER: This is an approximate translation. The original is available in English on MEA's website and may be referred to as the official press release.